# ਸਹੀ ਚੋਣ ਕਰੋ।

NHS
Kirklees

## ਏ ਐਂਡ ਈ ਵਿਚ ਜਾਣਾ ਜ਼ਰੂਰੀ ਨਹੀਂ।

| | |
|---|---|
| ਅਚਾਨਕ ਉਲਟੀਆਂ ਲੱਗਣਾ। ਤੇਜ਼ ਦਰਦ। ਸਿਹਤ ਦੀ ਹਾਲਤ ਵਿਗੜਦੀ ਜਾਣਾ। | ਵੈਸਟ ਯੋਰਕਸ਼ਾਇਰ ਅਰਜੈਂਟ ਕੇਅਰ ਸਰਵਿਸਿਜ਼ ਨੂੰ ਫ਼ੋਨ ਕਰੋ - ਨੰਬਰ - **0345 605 9999** |
| ਨਸ਼ੇ ਦਾ ਖ਼ੁਮਾਰ। ਗੋਡਿਆਂ 'ਤੇ ਰਗੜਾਂ। ਗਲਾ ਦੁਖਣਾ। ਖੰਘ। | ਆਪਣਾ ਖ਼ਿਆਲ ਖ਼ੁਦ ਰੱਖੋ। ਆਪਣੇ ਕੋਲ ਕਾਫ਼ੀ ਸਾਰੀਆਂ ਲੋੜੀਂਦੀਆਂ ਦਵਾਈਆਂ ਰੱਖੋ। |
| ਤਬੀਅਤ ਖ਼ਰਾਬ। ਮਰਜ਼ ਬਾਰੇ ਪੱਕਾ ਪਤਾ ਨਹੀਂ। ਬੌਂਦਲੇ ਹੋਏ। ਮਦਦ ਦੀ ਲੋੜ। | ਐਨ ਐਚ ਐੱਸ ਡਾਇਰੈਕਟ ਨੂੰ ਫ਼ੋਨ ਕਰੋ - ਨੰਬਰ **0845 4647** ਜਾਂ ਇਸ ਵੈੱਬਸਾਈਟ 'ਤੇ ਜਾਓ - **www.nhsdirect.nhs.uk** |
| ਜੁਲਾਬ ਲੱਗਣਾ। ਨੱਕ ਵਗਣਾ। ਤਕਲੀਫ਼ਦੇਹ ਖੰਘ। ਸਿਰ ਦਰਦ। | ਆਪਣੇ ਨੇੜੇ ਦੀ ਫ਼ਾਰਮੇਸੀ (ਕੈਮਿਸਟ) ਕੋਲ ਜਾਓ। |
| ਉਲਟੀਆਂ। ਕੰਨ ਵਿਚ ਦਰਦ। ਪੇਟ ਵਿਚ ਕੀਟਾਣੂ। ਪਿੱਠ ਵਿਚ ਦਰਦ। | ਆਪਣੇ ਜੀ ਪੀ ਡਾਕਟਰ ਨੂੰ ਫ਼ੋਨ ਕਰੋ। |
| ਕੱਟ ਲਗਣਾ। ਪੱਠੇ ਖਿੱਚ ਹੋਣਾ। ਧੱਫੜ ਪੈਣਾ। ਮੋਚ। | ਆਪਣੇ ਨੇੜੇ ਦੇ ਵਾੱਕ-ਇਨ ਸੈਂਟਰ ਜਾਂ ਮਾਈਨਰ ਇੰਜਰੀਜ਼ ਯੂਨਿਟ ਵਿਚ ਜਾਓ। |
| ਸਾਹ ਘੁੱਟ ਹੋਣਾ। ਛਾਤੀ ਵਿਚ ਦਰਦ। ਬਹੁਤ ਖ਼ੂਨ ਵਗਣਾ। ਅੱਖਾਂ ਅੱਗੇ ਹਨੇਰਾ ਆਉਣਾ। | ਐਕਸੀਡੈਂਟ ਐਂਡ ਐਮਰਜੈਂਸੀ (ਏ ਐਂਡ ਈ) ਜਾਓ ਜਾਂ ਨੰਬਰ **999** 'ਤੇ ਫ਼ੋਨ ਕਰੋ। |

# ਸਹੀ ਚੋਣ ਕਰੋ।

NHS Kirklees

**ਸਹੀ ਚੋਣ ਕਰਨ** ਨਾਲ ਤੁਹਾਡਾ ਸਹੀ ਇਲਾਜ ਹੁੰਦਾ ਹੈ ਅਤੇ ਕੰਮ ਵਿਚ ਰੁੱਝੀਆਂ ਐਨ ਐਚ ਐੱਸ ਸੇਵਾਵਾਂ ਨੂੰ ਉਹਨਾਂ ਲੋਕਾਂ ਦੀ ਦੇਖਭਾਲ ਕਰਨ ਵਿਚ ਮਦਦ ਮਿਲਦੀ ਹੈ ਜਿਹਨਾਂ ਨੂੰ ਇਹਦੀ ਸੱਚਮੁਚ ਲੋੜ ਹੁੰਦੀ ਹੈ।

## ਇਹਨਾਂ ਨੰਬਰਾਂ ਨੂੰ ਆਪਣੇ ਕੋਲ ਰੱਖੋ।

**ਵੈਸਟ ਯੌਰਕਸ਼ਾਇਰ ਅਰਜੈਂਟ ਕੇਅਰ ਸਰਵਿਸ 0345 605 9999**
ਜਦ ਤੁਹਾਨੂੰ ਸਿਹਤ ਦੀ ਦੇਖਭਾਲ ਦੀ ਫ਼ੌਰਨ ਲੋੜ ਹੋਵੇ, ਦਿਨ ਰਾਤ 24 ਘੰਟੇ।[1]

**ਐਨ ਐਚ ਐੱਸ ਡਾਇਰੈਕਟ 0845 4647**
ਫ਼ੋਨ 'ਤੇ ਜਾਂ ਇੰਟਰਨੈੱਟ 'ਤੇ ਸਿਹਤ ਬਾਰੇ ਸਲਾਹ ਅਤੇ ਜਾਣਕਾਰੀ ਲੈਣ ਲਈ, ਦਿਨ ਰਾਤ 24 ਘੰਟੇ।[2]

**ਤੁਹਾਡਾ ਜੀ ਪੀ (ਫ਼ੈਮਿਲੀ ਡਾਕਟਰ) ਨੰਬਰ ਇੱਥੇ ਲਿਖ ਲਓ:**

ਸਰਜਰੀ ਦੇ ਸਮੇਂ ਤੋਂ ਪਹਿਲਾਂ ਅਤੇ ਮਗਰੋਂ ਤੁਹਾਨੂੰ ਵੈਸਟ ਯੌਰਕਸ਼ਾਇਰ ਅਰਜੈਂਟ ਕੇਅਰ ਸਰਵਿਸ ਕੋਲ ਜਾਣ ਲਈ ਆਖਿਆ ਜਾਏਗਾ।

**ਤੁਹਾਡੇ ਨੇੜੇ ਦਾ ਵਾੱਕ-ਇਨ ਸੈਂਟਰ/ਮਾਈਨਰ ਇੰਜਰੀਜ਼ ਯੂਨਿਟ ਇਹ ਹੈ:**

**ਨੌਰਥ ਕਰਕਲੀਜ਼ ਐਨ ਐਚ ਐੱਸ ਵਾੱਕ ਇਨ ਸੈਂਟਰ**
Dewsbury, WF13 4HS
ਖੁੱਲ੍ਹਣ ਦਾ ਸਮਾਂ: ਸੋਮਵਾਰ ਤੋਂ ਸ਼ੁੱਕਰਵਾਰ - ਸਵੇਰੇ 9 ਵਜੇ ਤੋਂ ਸ਼ਾਮ 6.30 ਵਜੇ ਤਕ, ਬੈਂਕ ਹੌਲੀਡੇਅ - ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤਕ।

**ਜੀ ਪੀ ਡਾਕਟਰ ਵਾਲਾ ਹੈਲਥ ਸੈਂਟਰ**
School House Practice, Dewsbury Health Centre,
Wellington Road, Dewsbury, WF13 1HN
ਜਿਹੜੇ ਮਰੀਜ਼ ਸਕੂਲ ਹੈਲਥ ਪ੍ਰੈਕਟਿਸ ਕੋਲ ਰਜਿਸਟਰ ਨਹੀਂ, ਹੋਏ ਉਹਨਾਂ ਲਈ ਇਹ ਸੈਂਟਰ ਖੁੱਲ੍ਹਣ ਦਾ ਸਮਾਂ: ਸੋਮਵਾਰ ਤੋਂ ਸ਼ੁੱਕਰਵਾਰ ਦੁਪਹਿਰੇ 12 ਵਜੇ ਤੋਂ ਸ਼ਾਮ 8 ਵਜੇ ਤਕ, ਸਨਿੱਚਰਵਾਰ, ਐਤਵਾਰ ਅਤੇ ਬੈਂਕ ਹੌਲੀਡੇਅ ਨੂੰ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤਕ। ਰਜਿਸਟਰ ਹੋਏ ਮਰੀਜ਼ਾਂ ਲਈ, ਹਰ ਰੋਜ਼ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤਕ।

ਜੇ ਇਹ ਜਾਣਕਾਰੀ ਤੁਹਾਨੂੰ ਕਿਸੇ ਹੋਰ ਬੋਲੀ ਜਾਂ ਹੋਰ ਰੂਪ ਵਿਚ ਚਾਹੀਦੀ ਹੈ, ਤਾਂ ਨੰਬਰ 01484 464024 'ਤੇ ਫ਼ੋਨ ਕਰੋ। ਜਾਂ ਇਸ ਪਤੇ 'ਤੇ ਈਮੇਲ ਭੇਜੋ – ***ppi@kirklees.nhs.uk***

1. 03 ਵਾਲੇ ਨੰਬਰਾਂ 'ਤੇ ਫ਼ੋਨ ਕਰਨ ਦਾ ਖ਼ਰਚ 01 ਜਾਂ 02 ਨੰਬਰਾਂ ਵਾਲੀਆਂ ਲੋਕਲ ਕਾੱਲਾਂ ਦੇ ਖ਼ਰਚ ਨਾਲੋਂ ਵੱਧ ਨਹੀਂ ਆਉਣਾ ਚਾਹੀਦਾ, ਅਤੇ ਹੋ ਸਕਦਾ ਹੈ ਕਿ ਤੁਹਾਡੀ ਫ਼ੋਨ ਕੰਪਨੀ ਅਤੇ ਪੈਕੇਜ ਦੇ ਅਨੁਸਾਰ ਇਹ ਕਾੱਲਾਂ ਤੁਹਾਨੂੰ ਮੁਫ਼ਤ ਮਿਲਣ ਵਾਲੇ ਮਿੰਟਾਂ ਵਿਚ ਸ਼ਾਮਿਲ ਹੋਣ। ਮੋਬਾਈਲ ਫ਼ੋਨ ਤੋਂ ਕਾੱਲ ਕਰਨ ਦਾ ਖ਼ਰਚ ਤੁਹਾਡੀ ਫ਼ੋਨ ਕੰਪਨੀ ਦੇ ਅਨੁਸਾਰ ਵੱਖ ਵੱਖ ਹੋ ਸਕਦਾ ਹੈ।

2. ਐਨ ਐਚ ਐੱਸ ਡਾਇਰੈਕਟ ਨੂੰ ਫ਼ੋਨ ਕਰਨ ਦਾ ਖ਼ਰਚ ਬੀ ਟੀ ਲੈਂਡਲਾਈਨ ਤੋਂ ਇਕ ਮਿੰਟ ਦਾ ਵੱਧ ਤੋਂ ਵੱਧ 5 ਪੈਂਸ ਹੈ। ਮੋਬਾਈਲ ਫ਼ੋਨਾਂ ਅਤੇ ਹੋਰ ਫ਼ੋਨ ਕੰਪਨੀਆਂ ਦਾ ਖ਼ਰਚ ਵੱਖ ਵੱਖ ਹੋ ਸਕਦਾ ਹੈ। ਹੋ ਸਕਦਾ ਹੈ ਕਿ ਤੁਹਾਡੀ ਫ਼ੋਨ ਕੰਪਨੀ ਹਰ ਫ਼ੋਨ ਕਾੱਲ ਦੇ ਘੱਟ ਤੋਂ ਘੱਟ ਕੁਝ ਪੈਸੇ ਲੈਂਦੀ ਹੋਵੇ। ਮਰੀਜ਼ਾਂ ਦੀ ਹਿਫ਼ਾਜ਼ਤ ਦੀ ਖ਼ਾਤਿਰ ਐਨ ਐਚ ਐੱਸ ਨੂੰ ਕੀਤੀਆਂ ਜਾਣ ਵਾਲੀਆਂ ਫ਼ੋਨ ਕਾੱਲਾਂ ਰਿਕਾਰਡ ਕੀਤੀਆਂ ਜਾਂਦੀਆਂ ਹਨ।